# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

**ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ, ਫੋਨ:01725043244, 01725043256**


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ./ਸੈ.ਸਿੱ.)
ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ/ਆਰ.ਐਮ.ਐਸ.ਏ/2012/R004533-34
ਮਿਤੀ, ਚੰਡੀਗੜ੍ਹ: 27/07/12.

**ਵਿਸ਼ਾ:** **ਸਕੂਲਾਂ ਦੀਆਂ ਅਣਸੁਰੱਖਿਅਤ ਇਮਾਰਤਾਂ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮੁੱਖ ਦਫ਼ਤਰ ਵੱਲੋਂ ਸੰਨ 2010 ਵਿੱਚ ਸਾਰੇ ਪੰਜਾਬ ਤੋਂ ਸਕੂਲਾਂ ਵਿੱਚ ਅਣਸੁਰੱਖਿਅਤ ਬਿਲਡਿੰਗਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਗਈ ਸੀ; ਪਰੰਤੂ ਸਕੂਲਾਂ ਵਿੱਚ ਅਣਸੁਰੱਖਿਅਤ ਕਮਰਿਆਂ ਨੂੰ ਢਹਿ ਢੇਰੀ ਕਰਨ ਅਤੇ ਮਲਬੇ ਦੀ ਯੋਗ ਵਰਤੋਂ ਸਬੰਧੀ ਕੋਈ ਹਦਾਇਤ ਜਾਰੀ ਨਾ ਹੋਣ ਕਾਰਨ ਇਹ ਅਣਸੁਰੱਖਿਅਤ ਬਿਲਡਿੰਗਾਂ ਉਸੇ ਤਰ੍ਹਾਂ ਖੜੀਆਂ ਹਨ। ਇਸ ਲਈ ਇਹਨਾਂ ਨਾਲ ਬੱਚਿਆ ਦਾ ਜਾਨੀ ਨੁਕਸਾਨ ਵੀ ਹੋ ਸਕਦਾ ਹੈ।

3.0 ਕਾਫੀ ਸਕੂਲਾਂ ਵਿੱਚ ਜਿੱਥੇ ਅਣਸੁਰੱਖਿਅਤ ਬਿਲਡਿੰਗਾਂ ਦੀ ਪਹਿਚਾਣ ਹੋਈ ਸੀ, ਇਸ ਦਫ਼ਤਰ ਵੱਲੋਂ ਜਾਰੀ ਹੋਈ ਰਕਮ ਨਾਲ ਉਹਨਾਂ ਸਕੂਲਾਂ ਵਿੱਚ ਸਕੂਲ ਪੱਧਰ ਤੇ ਨਵੇਂ ਕਮਰਿਆਂ ਦੀ ਉਸਾਰੀ ਵੀ ਹੋ ਚੁੱਕੀ ਹੈ।

4.0 ਇਸ ਨੂੰ ਮੁੱਖ ਰੱਖਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜਿੱਥੇ ਕਿਤੇ ਸਕੂਲਾਂ ਵੱਲੋਂ ਨਵੇਂ ਸਿਰੇ ਤੋਂ ਕਮਰੇ ਉਸਾਰ ਲਏ ਗਏ ਹਨ, ਉਥੇ ਇਹਨਾਂ ਅਣਸੁਰੱਖਿਅਤ ਬਿਲਡਿੰਗਾਂ ਨੂੰ ਸਕੂਲ ਮੈਨੇਜਮੈਂਟ ਕਮੇਟੀ ਦੀ ਪ੍ਰਵਾਨਗੀ ਨਾਲ ਗਿਰਾ ਦਿੱਤਾ ਜਾਵੇ ਅਤੇ ਇਹਨਾਂ ਬਿਲਡਿੰਗਾਂ ਦੇ ਮਲਬੇ ਦੀ ਸਕੂਲ ਮੈਨੇਜਮੈਂਟ ਕਮੇਟੀ ਦੀ ਪ੍ਰਵਾਨਗੀ ਨਾਲ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਹਿੱਤ ਯੋਗ ਵਰਤੋਂ ਕਰ ਲਈ ਜਾਵੇ।

5.0 ਜਿੱਥੇ ਕਿਤੇ ਅਜੇ ਵੀ ਅਣਸੁਰੱਖਿਅਤ ਸਕੂਲੀ ਕਮਰਿਆਂ ਦੀ ਥਾਂ 'ਤੇ ਨਵੇਂ ਕਮਰੇ ਨਹੀਂ ਬਣਾਏ ਗਏ, ਉੱਥੇ ਇਸ ਦਫ਼ਤਰ ਤੋਂ ਅਜਿਹੇ ਕਮਰੇ ਬਣਾਉਣ ਲਈ ਰਕਮ ਦੀ ਮੰਗ ਕਰ ਲਈ ਜਾਵੇ।

ਸ/ਦ **ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿਠ ਅੰ. ਨੰ: ਏ.ਐਸ.ਪੀ.ਡੀ/ਆਰ.ਐਮ.ਐਸ.ਏ/2012/** R004535 **ਮਿਤੀ, ਚੰਡੀਗੜ੍ਹ** 27/07/2012

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-
1. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

ਸ/ਦ **ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**